## ਹੋਰ ਲਾਇਬ੍ਰੇਰੀ ਦੀਆਂ ਸੇਵਾਵਾਂ

- ਕਈ ਲਾਇਬ੍ਰੇਰੀਆਂ ਕਲਾਸਾਂ ਅਤੇ ਸਿਆਣਿਆਂ ਲਈ ਗੱਲਬਾਤ ਦਾ ਸਮਾਂ ਪੜ੍ਹਨਾ ਸਿਖਣ ਲਈ ਅਤੇ ਅੰਗਰੇਜੀ ਸਿੱਖਣ ਲਈ ਰਖਦੀਆਂ ਹਨ। ਹੋਰ ਜਾਣਕਾਰੀ ਲਈ ਫੋਨ ਕਰੋ 425.369.3454 ਜਾਂ ਵੇਬ ਤੇ ਜਾਓ www.kcls.org/lit/esl.html
- ਮਾਂ ਬਾਪ ਜਾਂ ਸੰਭਾਲਣ ਵਾਲੇ ਮਜਬੂਨ ਤੇ ਬੱਚਿਆਂ ਦੀਆਂ ਕਿਤਾਬਾਂ ਦੇ ਡੱਚੇ ਕਢਵਾ ਸਕਦੇ ਹਨ ਪਰੀਸਕੂਲ ਲਈ ਅਤੇ ਘਰੇ ਸਿਖਣ ਲਈ। ਫੋਨ ਕਰੋ ਸਾਡੇ Books to Grow On ਡੀਪਾਰਟਮੈਂਟ ਵਿੱਚ ਨੰਬਰ 425.369.3323 ਜਾਂ 1.877.905.2009 ਦੱਬ ਕੇ ਫਿਰ ਇਕਸਟੈਂਨਸ਼ਨ 3323 ਜਾਂ ਕੰਮਪਿਊਟਰ ਤੇ ਵੇਬ ਤੇ ਜਾ ਸਕਦੇ ਹੋ– www.kcls.org/webkids/btgo
- ਸਾਡੀ ਆਵਾਜਾਈ ਵਾਲੀ ਟੈਕ ਲੈਬ Tech Lab ਕੰਮਪਿਊਟਰ ਦੀ ਕਲਾਸਾਂ ਸਾਝੀਆਂ ਸੰਸਥਾਵਾਂ ਵਿੱਚ, ਰੀਟਾਇਰਮੈਂਟ ਘਰਾਂ ਵਿੱਚ ਅਤੇ ਸਕੂਲਾਂ ਵਿੱਚ ਦਿੰਦੇ ਹਨ।

## ਜਿੰਮੇਵਾਰੀ ਬੱਚਿਆਂ ਲਈ (*18* ਸਾਲ ਤੋਂ ਹੇਠਾਂ)

ਮਾਂ–ਬਾਪ ਅਤੇ ਪਾਲਣ ਵਾਲੇ ਬੱਚਿਆਂ ਦੇ ਲਾਇਬ੍ਰੇਰੀ ਵਿਚੋਂ ਕਢਾਏ ਗਏ ਸਮਾਨ ਦੇ ਅਤੇ ਜਦੋਂ ਲਾਇਬ੍ਰੇਰੀ ਵਿੱਚ ਹੁੰਦੇ ਹਨ ਜਿੰਮੇਵਾਰ ਹਨ।

## ਖੁਲਣ ਦੇ ਘੰਟੇ

ਬਹੁਤੀਆਂ ਲਾਇਬ੍ਰੇਰੀਆਂ ਸੱਤੇ ਦਿਨ ਖੁਲੀਆਂ ਰਹਿੰਦੀਆਂ ਹਨ। ਜ਼ਿਆਦਾ ਜਾਣਕਾਰੀ ਲਈ ਸਾਡੀ web site ਤੇ ਦੇਖੋ ਸਾਰੀਆਂ ਲਿਸਟਾਂ ਲਈ: www.kcls.org

## *The King County Library System*

Algona-Pacific Library 253.833.3554
Auburn Library 253.931.3018
Bellevue Regional Library 425.450.1765
Black Diamond Library 360.886.1105
Bothell Regional Library 425.486.7811
Boulevard Park Library 206.242.8662
Burien Library 206.243.3490
Carnation Library 425.333.4398, TTY 425.333.4398
Covington Library 253.630.8761
Des Moines Library 206.824.6066
Duvall Library 425.788.1173
Fairwood Library 425.226.0522
Fall City Library 425.222.5951
Federal Way Regional Library 253.838.3668
Federal Way 320th Library 253.839.0257
Foster Library 206.242.1640
Issaquah Library 425.392.5430
Kenmore Library 425.486.8747
Kent Regional Library 253.859.3330, TTY 253.854.1050
Kingsgate Library 425.821.7686
Kirkland Library 425.822.2459
Lake Forest Park Library 206.362.8860
Lake Hills Library 425.747.3350
Library Connection @ Crossroads 425.644.6203
Maple Valley Library 425.432.4620
Mercer Island Library 206.236.3537
Muckleshoot Library 253.931.6779
Newport Way Library 425.747.2390
North Bend Library 425.888.0554
Redmond Regional Library 425.885.1861
TTY 425.895.7951
Richmond Beach Library 206.546.3522
Sammamish Library 425.836.8793
Shoreline Library 206.362.7550
Skykomish Library 360.677.2660
Skyway Library 206.772.5541
Snoqualmie Library 425.888.1223
Tukwila Library 206.244.5140
Valley View Library 206.242.6044
Vashon Library 206.463.2069
White Center Library 206.243.0233
Woodinville Library 425.788.0733
Woodmont Library 253.839.0121
Foundation 425.369.3448
Traveling Library Center 425.369.3456
The Answer Line 425.462.9600
(outside calling area 1.800.462.9600)
TTY 206.684.4494

*TTY numbers are for the deaf and hard of hearing.*

KING COUNTY LIBRARY SYSTEM

Welcome to Your Library
Punjabi 6/2003

www.kcls.org

# ਤਹਾਡੀ ਲਾਇਬ੍ਰੇਰੀ ਵਿੱਚ ਜੀ ਆਇਆਂ ਨੂੰ

KING COUNTY LIBRARY SYSTEM



# ਜੀ ਆਇਆਂ ਨੂੰ

ਤੁਹਾਡੀ ਸਮੂਹ ਲਾਇਬ੍ਰੇਰੀ ਇੱਕ ਖੋਜ ਵਾਲੀ ਥਾਂ ਹੈ। ਤੁਹਾਡੇ ਕਿੰਗ ਕਾਊਂਟੀ ਲਾਇਬ੍ਰੇਰੀ ਕਾਰਡ ਨਾਲ ਤੁਸੀਂ ਹੈਰਾਨ ਹੋਵੋਗੇ ਕਿ ਤੁਸੀਂ ਕੀ ਕੁੱਝ ਲੱਭ ਸਕਦੇ ਹੋ।

## ਮੈਂ ਲਾਇਬ੍ਰੇਰੀ ਵਿੱਚ ਕੀ ਲੱਭ ਸਕਾਂਗਾ / ਸਕਾਂਗੀ?

- ਕੰਮਪਿਊਟਰ ਪੜ੍ਹਨ ਲਈ, ਲਿਖਣ ਲਈ ਅਤੇ ਇੰਟਰਨੈਟ ਤੇ ਜਾਣ ਲਈ
- ਕਿਤਾਬਾਂ, ਰਸਾਲੇ, ਸੰਗੀਤ ਕੰਮਪੈਕਟ ਡਿਸਕ ਤੇ, ਰੀਲਾਂ ਤੇ, ਕਿਤਾਬਾਂ ਰੀਲਾਂ ਤੇ ਅਤੇ ਫਿਲਮਾਂ ਇਨ੍ਹਾਂ ਵਿਚੋਂ ਕਾਫੀ ਅੰਗਰੇਜੀ ਤੋਂ ਬਿਨਾਂ ਹੋਰ ਭਸ਼ਾਵਾਂ ਵਿੱਚ ਮਿਲਦੀਆਂ ਹਨ।
- ਕਲਾਸਾਂ ਕਈ ਪ੍ਰਕਾਰ ਦੀਆਂ ਕੰਮਪਿਊਟਰ ਸਿੱਖਣ ਲਈ
- ਕਹਾਣੀ ਸਮਾਂ ਬੱਚਿਆਂ ਅਤੇ ਸਿਆਣਿਆਂ ਲਈ
- ਮੁਫਤ ਯੋਜਨਾਵਾਂ ਬੱਚਿਆਂ ਲਈ, 13 ਤੋਂ 19 ਸਾਲ ਦੇ ਬੱਚਿਆਂ ਲਈ ਅਤੇ ਸਿਆਣਿਆਂ ਲਈ ਕਿਤਾਬਾਂ ਬਾਰੇ ਵਿਚਾਰ ਵਟਾਂਦਰਾ ਜਾਂ ਚਰਚਾ, ਕਿਤਾਬਾਂ ਦੇ ਲੇਖਕ ਮਹਿਮਾਨ ਵਜੋਂ ਆਉਣੇ, ਅਤੇ ਹੋਰ ਬਹੁਤ ਕੁੱਝ
- ਤੁਹਾਡੀ ਵਰਤੋਂ ਲਈ ਅਖਬਾਰ
- ਮੁਲਾਕਾਤ ਕਮਰੇ ਸਾਂਝੇ ਕਾਜਕ੍ਰਮਾਂ ਲਈ; ਵੋਟਾਂ ਲਈ ਰਜਿਸਟਰ ਹੋਣਾ ਅਤੇ ਟੈਕਸ ਭਰਨ ਲਈ ਫਾਰਮ
- ਪੜ੍ਹਾਈ, ਪੜ੍ਹਨ ਅਤੇ ਸਕੂਲੋਂ ਮਿਲਿਆ ਘਰ ਦਾ ਕੰਮ ਕਰਨ ਲਈ ਥਾਂ।

## ਮੈਨੂੰ ਲਾਇਬ੍ਰੇਰੀ ਦਾ ਕਾਰਡ ਕਿਵੇਂ ਮਿਲੇਗਾ?

ਲਾਇਬ੍ਰੇਰੀ ਵਿੱਚ ਆਉ ਅਤੇ ਸੰਖੇਪ ਰਜਿਸਟੇਸ਼ਨ ਫਾਰਮ ਭਰੋ। ਤੁਹਾਨੂੰ ਆਈ ਡੀ ਲਿਆਉਣੀ ਪਵੇਗੀ ਜਿਸ ਤੇ ਤੁਹਾਡੀ ਫੋਟੋ ਅਤੇ ਵਰਤਮਾਨ ਪਤਾ ਹੋਵੇ। ਤੁਸੀਂ ਕਾਰਡ ਲਈ ਕੰਮਪਿਊਟਰ ਤੇ ਲਾਈਨ ਤੇ ਜਾ ਕੇ ਵੀ ਰਜਿਸਟਰ ਹੋ ਸਕਦੇ ਹੋ। ਤੁਹਾਡਾ ਨਵਾਂ ਕਾਰਡ ਤੁਹਾਨੂੰ ੧੪ ਦਿਨ ਦੇ ਅੰਦਰ-ਅੰਦਰ ਡਾਕ ਰਾਹੀਂ ਭੇਜਿਆ ਜਾਵੇਗਾ। ਇਸ ਕਾਰਡ ਨੂੰ ਤੁਸੀਂ ਘਰ ਬੈਠੇ ਲਾਇਬ੍ਰੇਰੀ ਦੀ ਲਾਈਨ ਤੇ ਵਰਤ ਸਕੋਂਗੇ। ਪਰ ਸਮਾਨ ਕਢਵਾ ਕੇ ਲਿਜਾਣ ਲਈ ਤੁਹਾਨੂੰ ਲਾਇਬ੍ਰੇਰੀ ਵਿੱਚ ਆ ਕੇ ਫੋਟੋ ਆਈ ਡੀ ਦਿਖਾਉਣੀ ਪਵੇਗੀ।

## ਕੀ ਮੈਨੂੰ ਪੈਸੇ ਦੇਣੇ ਪੈਣਗੇ ਲਾਇਬ੍ਰੇਰੀ ਕਾਰਡ ਲੈਣ ਲਈ?

ਨਹੀਂ। ਤੁਸੀਂ ਜਿਹੜਾ ਟੈਕਸ ਭਰਦੇ ਹੋ ਉਹ ਕਿੰਗ ਕਾਂਊਂਟੀ ਲਾਇਬ੍ਰੇਰੀ ਦੀ ਸਹਾਇਤਾ ਕਰਦਾ ਹੈ, ਇਸ ਲਈ ਇਹ ਹਰ ਕੋਈ ਵਰਤ ਸਕਦਾ ਹੈ।

## ਕੀ ਹੋਵੇਗਾ ਜੇ ਮੇਰਾ ਕਾਰਡ ਗੁਆਚ ਜਾਵੇ?

ਜਿੰਨਾਂ ਛੇਤੀ ਹੋ ਸਕੇ ਤੁਸੀਂ ਸਾਨੂੰ ਦੱਸੋ। ਸਾਡਾ ਸਟਾਫ ਕਾਰਡ ਨੂੰ ਰੱਦ ਕਰ ਦੇਵੇਗਾ ਤਾਂਕਿ ਕੋਈ ਇਸ ਦੀ ਵਰਤੋਂ ਨਾ ਕਰ ਸਕੇ। ਇਸ ਦੇ ਬਾਦ ਤੁਸੀਂ ਬੜੀ ਖੁਸ਼ੀ ਨਾਲ ਨਵੇਂ ਕਾਰਡ ਲਈ ਅਰਜ਼ੀ ਦੇ ਸਕਦੇ ਹੋ।

## ਮੈਨੂੰ ਜੋ ਚਾਹੀਦਾ ਕਿਵੇਂ ਲੱਭ ਸਕਾਂਗਾ / ਸਕਾਂਗੀ?

ਕਿਤਾਬਾਂ, ਫਿਲਮਾ, ਸੰਗੀਤ ਅਤੇ ਰਸਾਲੇ ਸਾਰੀਆਂ ੪੨ ਲਾਇਬ੍ਰੇਰੀਆਂ ਦੇ ਲਾਇਬ੍ਰੇਰੀ ਸੂਚੀ ਵਿੱਚ ਕੰਮਪਿਊਟਰ ਵਿੱਚ ਸੂਚਿਤ ਹਨ। ਜੇ ਮੱਦਦ ਦੀ ਲੋੜ ਹੈ ਕ੍ਰਿਪਾ ਕਰਕੇ ਪੁੱਛੋ। ਅਸੀਂ ਤੁਹਾਨੂੰ ਸਿਖਾ ਦੇਵਾਂਗੇ ਕਿਸ ਤਰ੍ਹਾਂ ਵਰਤਣਾ ਹੈ। ਜੇ ਕੋਈ ਚੀਜ਼ ਤੁਹਾਨੂੰ ਚਾਹੀਦੀ ਹੈ ਪਰ ਪਹਿਲਾਂ ਹੀ ਕੋਈ ਕੱਢਵਾ ਚੁੱਕਾ ਤੁਸੀਂ ਉਸ ਤੇ ਹੋਲਡ (ਤਾਂ ਜੋਂ ਜਦੋਂ ਉਹ ਵਾਪਿਸ ਲਾਇਬ੍ਰੇਰੀ ਵਿੱਚ ਆਵੇ ਉਹ ਤੁਹਾਨੂੰ ਫੋਨ ਕਰਕੇ ਦੱਸਣਗੇ ਕਿ ਉਹ ਚੀਜ਼ ਵਾਪਿਸ ਆ ਚੁੱਕੀ ਅਤੇ ਤੁਸੀਂ ਇਸ ਤਰੀਕ ਤੱਕ ਆ ਕੇ ਲਿਜਾ ਸਕਦੇ ਹੋ) ਪਵਾ ਸਕਦੇ ਹੋ। ਤੁਸੀਂ ਲਾਇਬ੍ਰੇਰੀਆਂ ਚੁਣ ਸਕਦੇ ਹੋ ਜਿੱਥੇ ਤੁਸੀਂ ਭੇਜਵਾ ਸਕਦੇ ਹੋ। ਤੁਸੀਂ ਡਾਕ ਵਿੱਚ ਕਾਰਡ ਜਾਂ ਈ ਮੇਲ (ਤੁਹਾਡੀ ਆਪਣੀ ਪਸੰਦ ਹੈ) ਵੀ ਕਰਵਾ ਸਕਦੇ ਹੋ। ਕਿਤਾਬਾਂ ਮੰਗਵਾਉਣ ਲਈ ਕੋਈ ਪੈਸੇ ਨਹੀਂ।

## ਲਾਇਬ੍ਰੇਰੀ ਦਾ ਸਮਾਨ ਮੈਂ ਕਿੰਨ੍ਹੀ ਦੇਰ ਰੱਖ ਸਕਦਾ?

ਕਿਤਾਬਾਂ, ਸੀਡੀਆਂ ਅਤੇ ਰੀਲਾਂ ਟੇਪ ਦੀਆਂ

- ੨੮ ਦਿਨਾਂ ਲਈ। ੧੪ ਦਿਨਾਂ ਲਈ ਸਮਾਂ ਵਧਾਇਆ ਵੀ ਜਾ ਸਕਦਾ।

ਫਿਲਮਾਂ, ਡੀ ਵੀ ਡੀ ਅਤੇ ਰਸਾਲੇ

- ੭ ਦਿਨਾਂ ਲਈ। ੭ ਦਿਨਾਂ ਲਈ ਸਮਾਂ ਵਧਾਇਆ ਵੀ ਜਾ ਸਕਦਾ।

ਜਦੋਂ ਤੁਸੀਂ ਸਮਾਨ ਕਢਵਾਉਂਦੇ ਹੋ ਤਾਂ ਤੁਹਾਨੂੰ ਛਪੀ ਹੋਈ ਰਸੀਦ ਵੀ ਮਿਲਦੀ ਜਿਸ ਵਿੱਚ ਸਾਰੀਆਂ ਚੀਜ਼ਾਂ ਲਿਖੀਆਂ ਹੁੰਦੀਆਂ ਜੋਂ ਤੁਸੀ ਉਧਾਰੀਆਂ ਲਈਆਂ। ਵਾਪਿਸ ਕਰਨ ਦੀ ਤਰੀਕ ਵੀ ਲਿਖੀ ਹੁੰਦੀ ਹੈ ਰਸੀਦ ਤੇ।

## ਕੀ ਹੋਵੇਗਾ ਜੇ ਮੈਂ ਉਹਨਾਂ ਨੂੰ ਦੇਰ ਨਾਲ ਵਾਪਸ ਕਰਾਂ?

ਜੇ ਲਾਇਬ੍ਰੇਰੀ ਦੀ ਕੋਈ ਵੀ ਚੀਜ਼ ਦੇਰ ਨਾਲ ਵਾਪਸ ਕੀਤੀ ਜਾਂਦੀ ਹੈ ਤਾਂ ਉਸ ਤੇ ਇਕ ਦਿਨ ਲਈ ੧੦ ਸੈਂਟ ਜੁਰਮਾਨਾ ਲਗਦਾ ਹੈ। ਚੀਜ਼ ਵਾਪਸ ਕਰਨ ਤੇ ਜਾਂ ਜਦੋਂ ਜੁਰਮਾਨੇ ਦੀ ਰਕਮ ੩ ਡਾਲਰ ਤਕ ਪਹੁੰਚ ਜਾਵੇ ਤਾਂ ਜੁਰਮਾਨਾ ਵ'ਧਣਾ ਬੰਦ ਹੋ ਜਾਂਦਾ ਹੈ। ਇ'ਥੋਂ ਲਈ ਹੋਈ ਚੀਜ਼ ਤੁਸੀਂ ਖਛ਼ਲਸ਼ ਦੀ ਕਿਸੇ ਵੀ ਕਮਿਉਨਿਟੀ ਲਾਇਬ੍ਰੇਰੀ ਵਿਚ ਵਾਪਸ ਕਰ ਸਕਦੇ ਹੋ।

## ਕੀ ਹੋਵੇਗਾ ਜੇ ਮੈਨੂੰ ਜੁਰਮਾਨਾ ਪਿਆ ਹੋਵੇ?

ਜੇ ਤੁਹਾਡੇ ਤੇ ਜੁਰਮਾਨੇ ਦੀ ਕੁਲ ਰਕਮ ੧੦ ਡਾਲਰ ਜਾਂ ਉਸ ਤੋਂ ਜ਼ਿਆਦਾ ਹੋ ਜਾਂਦੀ ਹੈ ਤਾਂ ਤੁਸੀਂ ਆਪਣੇ ਲਾਇਬ੍ਰੇਰੀ ਕਾਰਡ ਦਾ ਹੋਰ ਇਸਤੇਮਾਲ ਨਹੀਂ ਕਰ ਸਕੋਗੇ। ਜੇ ਬਕਾਇਆ ਰਕਮ ੨੫ ਡਾਲਰ ਤੋਂ ਜ਼ਿਆਦਾ ਹੈ ਤਾਂ ਕੌਲੈਕਸ਼ਨ ਏਜੰਸੀ ਵਲੋਂ ਤੁਹਾਨੂੰ ਚਿ'ਠੀਆਂ ਪਾਈਆਂ ਜਾਣਗੀਆਂ ਤੇ ਫੋਨ ਆਉਣਗੇ ਅਤੇ ਤੁਹਾਨੂੰ ਸਾਰੀਆਂ ਚੀਜ਼ਾਂ ਵਾਪਸ ਕਰਨ ਲਈ ਅਤੇ ਜੁਰਮਾਨਾ ਭਰਨ ਲਈ ਆਖਿਆ ਜਾਵੇਗਾ। ਇਹ ਬਹੁਤ ਮਹ'ਤਵਪੂਰਨ ਹੈ ਕਿ ਲਾਇਬ੍ਰੇਰੀ ਦਾ ਸਾਰਾ ਸਮਾਨ ਸਮੇਂ ਸਿਰ ਵਾਪਸ ਕੀਤਾ ਜਾਵੇ ਤਾਂ ਜੋ ਬਾਕੀ ਲੋਕ ਵੀ ਇਸ ਨੂੰ ਕ'ਢਵਾ ਸਕਣ।

## ਕੀ ਮੈਂ ਲਾਇਬ੍ਰੇਰੀ ਦੀ ਮੱਦਦ ਲਾਇਬ੍ਰੇਰੀ ਦੀ ਇਮਾਰਤ ਵਿੱਚ ਆਏ ਤੋਂ ਬਿਨਾਂ ਵੀ ਲੈ ਸਕਦਾ / ਸਕਦੀ ਹਾਂ?

ਕਈ ਲਾਇਬ੍ਰੇਰੀਆਂ ਦੀਆਂ ਸੇਵਾਵਾਂ ਫੋਨ ਦੁਆਰਾ ਅਤੇ ਲਾਈਨ ਤੇ ਵੀ ਮਿਲ ਸਕਦੀਆਂ ਹਨ। ਤੁਸੀਂ

- ਆਪਣੀ ਲਾਇਬ੍ਰੇਰੀ ਵਿੱਚ ਫੋਨ ਕਰ ਸਕਦੇ ਹੋ।
- ਜਾਂ ਜਵਾਬ ਲਾਈਨ ਤੇ ਫੋਨ ਕਰ ਸਕਦੇ ਹੋ 425.462.9600 ਜਾਂ 1.860.462.9600
- KCLS ਦੀ ਵੈਬਸਾਈਟ (www.kcls.org) ਤੇ ਕਿਸੇ ਲਾਇਬ੍ਰੇਰੀਅਨ ਨੂੰ ਈ-ਮੇਲ ਜਾਂ 'ਆੱਨ-ਲਾਈਨ ਚੈਟ' ਰਾਹੀਂ ਪੁੱਛੋ।